Australian
BORDER FORCE

# Immigration Detention Facility Conditions of Entry
# ਇਮੀਗਰੇਸ਼ਨ ਨਜ਼ਰਬੰਦ ਸਹੂਲਤ ਅੰਦਰ ਦਾਖਲ ਹੋਣ ਸੰਬੰਧਤ ਸ਼ਰਤਾਂ

Form
1512B PUN
PUNJABI

## ਦਾਖਲ ਹੋਣ ਸੰਬੰਧਤ ਸ਼ਰਤਾਂ

### ਸ਼ਨਾਖਤ ਦੀਆਂ ਲੋੜਾਂ

ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ ਪਹਿਲਾਂ, 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ (ਬਾਲਗ) ਨੂੰ 100 ਪੁਆਇੰਟ ਦੇ ਪਛਾਣ ਦਸਤਾਵੇਜ਼ ਜਿਸ ਵਿੱਚ ਤੁਹਾਡੀ ਅਰਜੀ ਵਿੱਚ ਦਿੱਤੀ ਗਈ ਰੰਗਦਾਰ ਫੋਟੋ ਵੀ ਸ਼ਾਮਲ ਹੈ ਪ੍ਰਦਾਨ ਕਰਨ ਦੀ ਲੋੜ ਹੈ।

- ਜਨਮ ਪ੍ਰਮਾਣ ਪੱਤਰ, ਪਾਸਪੋਰਟ, ਨਾਗਰਿਕਤਾ ਪ੍ਰਮਾਣ ਪੱਤਰ ਜਾਂ ਹੋਰ ਕਿਸਮ ਦਾ ਕੋਈ ਦਸਤਾਵੇਜ਼ ਜਿਸ ਵਿੱਚ ਪਾਸਪੋਰਟ ਵਰਗੀਆਂ ਵਿਸ਼ੇਸ਼ ਤਾਵਾਂ ਹੋਣ, ਜਿਸ ਵਿੱਚ ਡਿਪਲੋਮੈਟਿਕ ਦਸਤਾਵੇਜ਼ Immicard (ਜਾਂ ਇੱਕ ਇਮੀਕਾਰਡ) 70 ਅੰਕ ਰੱਖਦਾ ਹੈ।
- ਰਾਸ਼ਟਰਮੰਡਲ, ਕਿਸੇ ਆਸਟਰੇਲਿਆਈ ਰਾਜ ਜਾਂ ਖੇਤਰ ਵਲੋਂ ਜਾਰੀ ਕੀਤਾ ਡਰਾਈਵਰ ਲਾਇਸੰਸ ਜਾਂ ਪਰਮਿਟ 40 ਅੰਕ ਹੁੰਦੇ ਹਨ।
- ਬਾਕੀ ਦਸਤਾਵੇਜ਼ਾਂ ਦੇ ਸੁਮੇਲ ਨੂੰ ਬਕਾਇਆ ਅੰਕ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ Australian border Force (ABF) (ਆਸਟਰੇਲੀਅਨ ਬਾਰਡਰ ਫੋਰਸ (ABF)) ਦੀ ਵੈਬਸਾਈਟ ਵੇਖੋ: **https://www.abf.gov.au/about-us/what-we-do/border-protection/immigration-detention/visit-detention/identification-guidelines**

16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨਾਬਾਲਗਾਂ ਨੂੰ ਦਾਖਲੇ ਦੇ ਸਥਾਨ 'ਤੇ ਸ਼ਨਾਖਤ ਲਈ ਇੱਕ ਛਿਜ ਦੀ ਲੋੜ ਹੈ ਜਿਸ 'ਤੇ ਨਾਬਾਲਗ ਦਾ ਨਾਮ ਹੋਵੇ ਜਿਵੇਂ ਕਿ ਡਰਾਇਵਰਜ਼ ਲਾਇਸੰਸ, ਪਾਸਪੋਰਟ (ਜੇਕਰ ਯੋਗ ਨਹੀਂ ਹੈ, ਤਾਂ ਪਾਸਪੋਰਟ ਪਿਛਲੇ ਦੋ ਸਾਲਾਂ ਵਿੱਚ ਪ੍ਰਮਾਣਿਤ ਹੋਣਾ ਚਾਹੀਦਾ ਹੈ), ਮੈਡੀਕੇਅਰ ਕਾਰਡ, ਕਨਸੈਸ਼ਨ ਕਾਰਡ ਜਾਂ ਵਿਦਿਆਰਥੀ ਦੀ ਪਛਾਣ ਦਾ ਕੋਈ ਹੋਰ ਵਸੀਲਾ।

ਆਮ ਤੌਰ 'ਤੇ 16 ਸਾਲ ਤੋਂ ਘੱਟ ਉਮਰ ਦੇ ਨਾਬਾਲਗਾਂ ਨੂੰ ਪਛਾਣ ਦਾ ਸਬੂਤ ਪੇਸ਼ ਕੀਤੇ ਬਿਨਾਂ ਹੀ ਦਾਖਲ ਕੀਤਾ ਜਾਵੇਗਾ ਬਸ਼ਰਤੇ ਕਿ ਮੁਲਾਕਾਤੀ ਅਰਜੀ ਵਿੱਚ ਦਰਸਾਏ ਅਨੁਸਾਰ ਇੱਕ ਜ਼ਿੰਮੇਵਾਰ ਵਡੇਰੀ ਉਮਰ ਦਾ ਮੁਲਾਕਾਤੀ ਉਨ੍ਹਾਂ ਦੇ ਨਾਲ ਹੋਵੇ।

ਜੇਕਰ ਫੋਟੋ ਪਛਾਣ ਵਿੱਚ ਤੁਹਾਡਾ ਮੌਜੂਦਾ ਪਤਾ ਸ਼ਾਮਲ ਨਹੀਂ ਹੈ, ਤਾਂ ਪਛਾਣ ਕਰਨ ਵਾਲੇ ਦਸਤਾਵੇਜ਼ਾਂ ਦਾ ਇੱਕ ਵਾਧੂ ਹਿੱਸਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ। ਅਤਿਰਿਕਤ ਪਛਾਣ ਦਸਤਾਵੇਜ਼ਾਂ ਦੇ ਸਵੀਕਾਰਯੋਗ ਰੂਪ ਇੱਕ ਸੰਘੀ, ਰਾਜ ਜਾਂ ਸਥਾਨਕ ਅਥਾਰਟੀ, ਇੱਕ ਵਿੱਤੀ ਸੰਸਥਾ, ਜਾਂ ਉਪਯੋਗਤਾ ਸੇਵਾ ਪ੍ਰਦਾਤਾ ਤੋਂ ਉਤਪੰਨ ਹੋਣੇ ਚਾਹੀਦੇ ਹਨ ਅਤੇ ਇਸ ਵਿੱਚ ਤੁਹਾਡਾ ਨਾਮ ਅਤੇ ਮੌਜੂਦਾ ਪਤੇ ਦੇ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ। ਦਸਤਾਵੇਜ਼ਾਂ ਦੀ ਪਛਾਣ ਕਰਨ ਦੇ ਸਵੀਕਾਰਯੋਗ ਰੂਪਾਂ ਦੀਆਂ ਉਦਾਹਰਨਾਂ ਵਿੱਚ ਇੱਕ ਬਾਂਡ ਲਾਜਮੈਂਟ ਰਸੀਦ, ਇੱਕ ਕੌਂਸਲ ਦਰਾਂ ਦਾ ਨੋਟਿਸ, ਬੈਂਕ ਸਟੇਟਮੈਂਟ, ਜਾਂ ਹੋਰ ਉਪਯੋਗਤਾ ਬਿਲ ਸ਼ਾਮਲ ਹਨ ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ ਹਨ।

### ਕਾਨੂੰਨੀ ਪੇਸ਼ੇਵਾਰ ਅਤੇ/ਜਾਂ ਮਾਈਗਰੇਸ਼ਨ ਏਜੰਟ

ਜੇਕਰ ਤੁਸੀਂ ਇੱਕ ਕਾਨੂੰਨੀ ਪੇਸ਼ੇਵਰ ਅਤੇ/ਜਾਂ ਮਾਈਗਰੇਸ਼ਨ ਏਜੰਟ ਹੋ, ਤਾਂ ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ, ਤੁਹਾਨੂੰ ਇਹ ਵੀ ਪ੍ਰਦਾਨ ਕਰਨਾ ਚਾਹੀਦਾ ਹੈ:

- ਕਾਨੂੰਨੀ ਪ੍ਰੈਕਟਿਸ਼ਨਰ/ਮਾਈਗਰੇਸ਼ਨ ਏਜੰਟ ਹੋਣ ਵਜੋਂ ਤੁਹਾਡੀ ਸਥਿਤੀ ਦਾ ਸਬੂਤ;
- ਸੰਬੰਧਿਤ ਕਾਰਪੋਰੇਟ ਲੈਟਰਹਿਡ 'ਤੇ ਲਿਖਤੀ ਰੂਪਸ਼ਟੀ ਜੋ ਇਹ ਨਿਰਧਾਰਤ ਕਰਦੀ ਹੈ ਕਿ ਤੁਸੀਂ ਇੱਕ ਵਕੀਲ, ਬੈਰਿਸਟਰ, ਪੈਰਾਲੀਗਲ ਜਾਂ ਮਾਈਗਰੇਸ਼ਨ ਏਜੰਟ ਵਜੋਂ ਫਰਮ/ਕਾਰੋਬਾਰ ਦੁਆਰਾ ਜੁੜੇ ਹੋਏ ਹੋ;
- ਨਜ਼ਰਬੰਦ ਵਿਅਕਤੀਆਂ ਦੇ ਨਾਮ ਜਿਨ੍ਹਾਂ ਨੇ ਫਰਮ ਤੇ ਕਾਨੂੰਨੀ ਸਲਾਹ-ਮਸ਼ਵਰੇ ਦੀ ਬੇਨਤੀ ਕੀਤੀ ਹੈ, ਸੁਚੀਬੱਧ ਵਿਅਕਤੀਆਂ ਵਿੱਚੋਂ ਹਰੇਕ ਤੋਂ ਕਾਰਵਾਈ ਕਰਨ ਲਈ ਇੱਕ ਹਸਤਾਖਰਿਤ ਅਥਾਰਟੀ ਦੇ ਨਾਲ; ਅਤੇ
- ਸਬੂਤ ਕਿ ਨਜ਼ਰਬੰਦ ਵਿਅਕਤੀ ਨੇ ਮੁਲਾਕਾਤ ਲਈ ਸਹਿਮਤੀ ਦਿੱਤੀ ਹੈ।

### ਸਿਹਤ ਅਧਿਕਾਰੀ

ਜੇਕਰ ਤੁਸੀਂ ਇੱਕ ਸਿਹਤ ਅਧਿਕਾਰੀ ਹੋ (ਡਿਟੈਨਸ਼ਨ ਹੈਲਥ ਸਰਵਿਸ ਪ੍ਰੋਵਾਈਡਰ ਦੁਆਰਾ ਨਹੀਂ), ਤਾਂ ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ, ਤੁਹਾਨੂੰ ਇਹ ਵੀ ਪ੍ਰਦਾਨ ਕਰਨਾ ਚਾਹੀਦਾ ਹੈ:

- ਡਾਕਟਰ ਜਾਂ ਹੋਰ ਸਹਾਇਕ ਸਿਹਤ ਪੇਸ਼ੇਵਰ ਵਜੋਂ ਤੁਹਾਡੀ ਸਥਿਤੀ ਦਾ ਸਬੂਤ;
- ਸੰਬੰਧਿਤ ਰੁਜ਼ਗਾਰ ਦਾ ਸਬੂਤ; ਅਤੇ
- ਸਬੂਤ ਕਿ ਨਜ਼ਰਬੰਦ ਵਿਅਕਤੀ ਨੇ ਮੁਲਾਕਾਂਤ ਲਈ ਸਹਿਮਤੀ ਦਿੱਤੀ ਹੈ।

### ਆਫੀਸ਼ਲ ਮੁਲਾਕਾਤੀ

ਜੇ ਤੁਸੀਂ ਅਧਿਕਾਰਿਤ ਮੁਲਾਕਾਤੀ ਹੋ (ਕਿਸੇ ਬਾਹਰੀ ਜਾਂਚ ਸੰਸਥਾ, ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਜਾਂ ਰਾਜ/ ਖੇਤਰ ਭਲਾਈ ਏਜੰਸੀ ਦੇ ਪ੍ਰਤੀਨਿਧੀ), ਤਾਂ ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ, ਤੁਹਾਨੂੰ ਇਹ ਵੀ ਪ੍ਰਦਾਨ ਕਰਨਾ ਚਾਹੀਦਾ ਹੈ:

- ਤੁਹਾਡੇ ਕਿੱਤੇ/ਰੁਜ਼ਗਾਰਦਾਤਾ ਦਾ ਸਬੂਤ; ਅਤੇ ਤੇ
- ਜੇਕਰ ਕਿਸੇ ਨਜ਼ਰਬੰਦ (ਦਾਂ) ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਸਬੂਤ ਕਿ ਨਜ਼ਰਬੰਦ (ਦਾਂ) ਨੇ ਮੁਲਾਕਾਤ ਲਈ ਸਹਿਮਤੀ ਦਿੱਤੀ ਹੈ।

### ਪਾਰਲੀਮੈਂਟਰੀ ਅਤੇ ਸਰਕਾਰੀ ਅਧਿਕਾਰੀ

ਜੇਕਰ ਤੁਸੀਂ ਇੱਕ ਸੰਸਦੀ ਅਤੇ ਸਰਕਾਰੀ ਪ੍ਰਤੀਨਿਧੀ ਹੋ ਅਤੇ ਤੁਸੀਂ ਨਜ਼ਰਬੰਦ (ਦਾਂ) ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ, ਤੁਹਾਨੂੰ ਸਬੂਤ ਪ੍ਰਦਾਨ ਕਰਨਾ ਚਾਹੀਦਾ ਹੈ ਕਿ ਨਜ਼ਰਬੰਦ (ਦਾਂ) ਨੇ ਮੁਲਾਕਾਤ ਲਈ ਸਹਿਮਤੀ ਦਿੱਤੀ ਹੈ।

### ਕੌਂਸਲਰ ਅਧਿਕਾਰੀ ਜਾਂ ਵਿਦੇਸ਼ੀ ਸਰਕਾਰ ਦੇ ਪ੍ਰਤੀਨਿਧੀ

ਜੇਕਰ ਤੁਸੀਂ ਕੌਂਸਲਰ ਅਧਿਕਾਰੀ ਜਾਂ ਵਿਦੇਸ਼ੀ ਸਰਕਾਰ ਦੇ ਪ੍ਰਤੀਨਿਧੀ ਹੋ, ਤਾਂ ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ, ਤੁਹਾਨੂੰ ਸਬੂਤ ਪ੍ਰਦਾਨ ਕਰਨਾ ਚਾਹੀਦਾ ਹੈ ਕਿ ਨਜ਼ਰਬੰਦ ਵਿਅਕਤੀ ਨੇ ਮੁਲਾਕਾਤ ਲਈ ਸਹਿਮਤੀ ਦਿੱਤੀ ਹੈ।

### ਵਾਲੰਟੀਅਰ, ਸਭਿਆਚਾਰਕ ਗਰੁੱਪ ਅਤੇ ਮੁਲਾਕਾਤੀ ਜੋ ਅਧਿਆਤਮਕ ਦੇਖਭਾਲ ਪ੍ਰਦਾਨ ਕਰਦੇ ਹਨ

ਜੇਕਰ ਤੁਸੀਂ ਵਾਲੰਟੀਅਰ/ਜਾਂ ਕਿਸੇ ਸਭਿਆਚਾਰਕ ਗਰੁਪ ਦੇ ਮੈਂਬਰ ਹੋ ਜੋ ਨਜ਼ਰਬੰਦਾਂ ਲਈ ਪ੍ਰਵਾਨਿਤ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨੂੰ ਚਲਾਉਣ ਲਈ ਕਿਸੇ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ 'ਤੇ ਜਾਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ ਤੁਹਾਨੂੰ ਆਸਟ੍ਰੇਲੀਆਈ ਫੈਡਰਲ ਪੁਲੀਸ ਜਾਂਚਾਂ ਅਤੇ ਹੋਰਨਾਂ ਵਿੱਚੋਂ ਗੁਜ਼ਰਨਾ ਚਾਹੀਦਾ ਹੈ। ਕਾਨੂੰਨ ਦੁਆਰਾ ਲੋੜੀਂਦੀਆਂ ਉਚਿਤ ਜਾਂਚਾਂ, ਜਿਸ ਵਿੱਚ (ਜਿਥੇ ਵੀ ਢੁਕਦਾ ਹੋਵੇ) ਕਮਜ਼ੋਰ ਬੱਚਿਆਂ/ਅਸੁਰੱਖਿਅਤ ਲੋਕਾਂ ਨਾਲ ਕੰਮ ਕਰਨਾ ਚਾਹੀਦਾ ਹੈ।

### ਠੇਕੇਦਾਰ

ਜੇ ਤੁਸੀਂ ਇੱਕ ਠੇਕੇਦਾਰ ਹੋ ਜੋ ਇਮੀਗਰੇਸ਼ਨ ਸਹੂਲਤ ਵਿੱਚ ਕੰਮ ਕਰਦੇ ਹੋ, ਇਸ ਫਾਰਮ ਵਿੱਚ ਨਿਰਧਾਰਤ ਸ਼ਰਤਾਂ ਤੋਂ ਇਲਾਵਾ, ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਇੰਡਕਸ਼ਨ ਦੌਰਾਨ ਤੁਹਾਨੂੰ ਦੱਸੀਆਂ ਗਈਆਂ ਸਾਰੀਆਂ ਹਿਦਾਇਤਾਂ ਦੀ ਪਾਲਣਾ ਕਰੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਤੁਹਾਨੂੰ ਕਿਥੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਅਤੇ ਜਦੋਂ ਤੁਹਾਨੂੰ ਸੁਵਿਧਾਵਾਂ ਅਤੇ ਨਜ਼ਰਬੰਦ ਸੇਵਾ ਪ੍ਰਦਾਤਾ Facilities and Detainee Service Provider (FDSP) ਦੇ ਕਰਮਚਾਰੀਆਂ ਦੇ ਪਹਿਰੇ ਅਧੀਨ ਚੱਲਣ ਦੀ ਲੋੜ ਹੈ;
- ਕੀਤੇ ਜਾ ਰਹੇ ਕੰਮ ਨੂੰ ਕਰਨ ਲਈ ਸਾਰੇ ਢੁਕਵੇਂ ਲਾਇਸੰਸ, ਮਾਨਤਾਵਾਂ ਅਤੇ ਬੀਮੇ ਰੱਖਣ ਦੀ ਲੋੜ ਹੈ;

© COMMONWEALTH OF AUSTRALIA, 2022

- ਕੰਮ ਸ਼ੁਰੂ ਕਰਨ ਤੋਂ ਪਹਿਲਾਂ ਜਾਂ ਕਿਸੇ ਵੀ ਸੇਵਾਵਾਂ ਦੇ ਪ੍ਰਬੰਧ ਤੋਂ ਪਹਿਲਾਂ ਆਸਟਰੇਲੀਅਨ ਫੈਡਰਲ ਪੁਲੀਸ ਵਲੋਂ ਠੇਕੇਦਾਰ ਦੇ ਪਿਛੋਕੜ ਦੀ ਜਾਂਚ ਕੀਤੀ ਹੋਣੀ ਜ਼ਰੂਰੀ ਹੈ;
- ਜਿਥੇ ਸੰਦਾਂ ਦੀ ਲੋੜ ਹੋਵੇ:
  - ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਸਿਰਫ ਉਹ ਸੰਦ ਅਤੇ ਸਾਜ਼ੋ-ਸਮਾਨ ਲਿਆਓ ਜੋ ਕੀਤੇ ਜਾ ਰਹੇ ਖਾਸ ਕੰਮ ਲਈ ਲੋੜੀਂਦੇ ਹਨ, ਅਤੇ ਕਿਸੇ ਵੀ ਸੰਦ ਨੂੰ ਅਣਗੌਲਿਆ ਨਾ ਛੱਡੋ;
  - ਯਕੀਨੀ ਬਣਾਓ ਕਿ ਹਰੇਕ ਸੰਦ ਦੇ ਪੂਰੇ ਵੇਰਵੇ ਸੰਦ ਰਜਿਸਟਰ ਵਿੱਚ ਲੋਗਇਨ ਕੀਤੇ ਗਏ ਹਨ, ਅਤੇ ਇੱਹ ਯਕੀਨੀ ਬਣਾਓ ਕਿ ਹਰੇਕ ਟੂਲ ਦੇ ਪੂਰੇ ਵੇਰਵੇ ਟੂਲ ਰਜਿਸਟਰ ਵਿੱਚ ਲੌਗਇਨ ਕੀਤੇ ਗਏ ਹਨ, ਅਤੇ ਇੱਕ FDSP ਸਟਾਫ ਮੈਂਬਰ ਦੁਆਰਾ ਬਾਹਰ ਜਾਣ ਸਮੇਂ ਲੌਗ ਆਊਟ ਕੀਤੇ ਗਏ ਹਨ;
  - ਇਹ ਯਕੀਨੀ ਬਣਾਓ ਕਿ ਆਨਸਾਈਟ ਛੱਡੇ ਜਾਣ ਵਾਲੇ ਕੋਈ ਵੀ ਸੰਦ ਜਾਂ ਸਾਜ਼ੋ-ਸਮਾਨ ਇੱਕ FDSP ਸਟਾਫ ਮੈਂਬਰ ਦੀ ਨਿਗਰਾਨੀ ਹੈ ਅਤੇ ਸਹੀ ਢੰਗ ਨਾਲ ਸੁਰੱਖਿਅਤ ਹਨ; ਅਤੇ
  - ਢੁਕਵੇਂ ਕੱਪੜੇ ਪਹੰਨੋ (ਜਿਵੇਂ ਕਿ ਉੱਚ ਦਿੱਖ ਵਾਲੇ ਕੱਪੜੇ ਅਤੇ ਕੰਮ 'ਤੇ ਪਹਿਨਣ ਵਾਲੇ ਬੂਟ)।

## ਸਾਰੇ ਮੁਲਾਕਾਤੀ

ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਅਤੇ ਬਾਹਰ ਨਿਕਲਣ ਵੇਲੇ ਸਾਰੇ ਮੁਲਾਕਾਤੀਆਂ ਨੂੰ ਇੱਕ ਵਿਜ਼ਿਟਰ ਰਜਿਸਟਰ 'ਤੇ ਦਸਤਖਤ ਕਰਨ ਦੀ ਲੋੜ ਹੁੰਦੀ ਹੈ।

ਸਾਰੇ ਮੁਲਾਕਾਤੀਆਂ ਅਤੇ ਉਨ੍ਹਾਂ ਦੇ ਸਮਾਨ ਦੀ ਦਾਖਲੇ ਦੀ ਸ਼ਰਤ ਵਜੋਂ ਸੁਰੱਖਿਆ ਸਕ੍ਰੀਨਿੰਗ ਕੀਤੀ ਜਾਵੇਗੀ। ਇਸ ਵਿੱਚ ਹੱਥ ਵਿੱਚ ਫੜਨ ਵਾਲੇ ਸਕੈਨਰਾਂ ਦੀ ਵਰਤੋਂ, ਵਾਕ ਥਰੂ ਸ਼ਕ੍ਰੀਨਿੰਗ , ਐਕਸ-ਰੇ ਪਦਾਰਥਾਂ ਦੀ ਖੋਜ ਸ਼ਾਮਲ ਹੋ ਸਕਦੀ ਹੈ। ਪਦਾਰਥ ਖੋਜਣ ਦੇ ਢੰਗਾਂ ਵਿੱਚ ਖੋਜੀ ਕੁਤਿਆਂ ਦੀ ਵਰਤੋਂ ਵੀ ਸ਼ਾਮਲ ਹੋ ਸਕਦੀ ਹੈ। ਇੱਕ ਅਧਿਕਾਰੀ ਤੁਹਾਡੇ ਕਬਜੇ ਵਿੱਚਲੀਆਂ ਸਾਰੀਆਂ ਵਸਤਾਂ ਦੀ ਜਾਂਚ ਕਰਨ ਲਈ ਬੇਨਤੀ ਕਰ ਸਕਦਾ ਹੈ, ਅਤੇ/ਜਾਂ ਉਹਨਾਂ ਵਸਤਾਂ ਨੂੰ ਅਕਸ-ਰੇ ਸਕ੍ਰੀਨਿੰਗ ਵਿੱਚੋਂ ਦੀ ਲੰਘਾਉਣ ਦੀ ਪੇਸ਼ਕਸ਼ ਕਰ ਸਕਦਾ ਹੈ। ਤੁਸੀਂ ਉਸ ਦੀ ਇਸ ਪੇਸ਼ਕਸ਼ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਸਕਦੇ ਹੋ, ਪਰ, ਜੇ ਤੁਸੀਂ ਉਸ ਦੀ ਇਸ ਬੇਨਤੀ ਨੂੰ ਮੰਨਣ ਤੋਂ ਇਨਕਾਰ ਕਰਦੇ ਹੋ, ਤਾਂ ਤੁਹਾਨੂੰ ਉਸ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਤੁਹਾਨੂੰ ਸ਼ਰਾਬ ਜਾਂ ਕਿਸੇ ਵੀ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਹੇਠ ਨਹੀਂ ਹੋਣਾ ਚਾਹੀਦਾ।

ਸਾਰੇ ਮੁਲਾਕਾਤੀਆਂ ਨੂੰ ਦਾਖਲੇ ਦੀ ਸ਼ਰਤ ਵਜੋਂ ਸਿਹਤ ਜਾਂਚ ਕਰਵਾਉਣ ਲਈ ਬੇਨਤੀ ਕੀਤੀ ਜਾਵੇਗੀ। ਸਿਹਤ ਜਾਂਚ ਪ੍ਰਕਿਰਿਆ ਨੂੰ ਸੰਬੰਧਤ ਅਧਿਕਾਰ ਖੇਤਰ ਦੀਆਂ ਜਨਤਕ ਸਿਹਤ ਯੂਨਿਟਾਂ ਅਤੇ ਹੋਰਨਾਂ ਸਿਹਤ ਅਧਿਕਾਰੀਆਂ ਦੀ ਸਲਾਹ ਦੁਆਰਾ ਕੀਤਾ ਜਾਂਦਾ ਹੈ ਅਤੇ ਇਸ ਦਾ ਮੰਤਵ ਬਿਮਾਰੀ ਦੇ ਫੈਲਾ, ਜਿਸ ਵਿੱਚ COVID-19 ਸਮੇਤ ਬਿਮਾਰੀ ਦੇ ਜੋਖਮ ਨੂੰ ਸਾਡੀਆਂ ਨਜ਼ਰਬੰਦ ਸਹੂਲਤਾਂ ਵਿੱਚ ਘਟਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਵਿੱਚ ਉਦਾਹਰਣ ਵਜੋਂ, ਇੱਕ ਸਿਹਤ ਸਕ੍ਰੀਨਿੰਗ ਪ੍ਰਸ਼ਨਾਵਲੀ, ਤਾਪਮਾਨ ਦਾ ਟੇਸਟ ਅਤੇ COVID-19 ਨਿਗਰਾਨੀ ਜਾਂਚ ਸ਼ਾਮਲ ਹੋ ਸਕਦੇ ਹਨ।

ਜੇ ਤੁਸੀਂ ਇਹ ਸਿਹਤ ਜਾਂਚ ਪ੍ਰਕਿਰਿਆ ਨੂੰ ਪਾਸ ਨਹੀਂ ਕਰਦੇ, ਜਾਂ ਤੁਹਾਡੀ ਸਿਹਤ ਸਥਿਤੀ ਬਾਰੇ ਸ਼ੱਕ ਹੈ:

- ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਜਾਵੇਗਾ; ਅਤੇ
- ਤੁਹਾਨੂੰ ਆਪਣੀ ਫੇਰੀ ਮੁੜ ਤਹਿ ਕਰਨ ਦੀ ਲੋੜ ਪਵੇਗੀ।

ਮੁਲਾਕਾਤੀਆਂ ਨੂੰ ਇਸ ਗਲ ਦਾ ਸਬੂਤ ਦੇਣ ਦੀ ਲੋੜ ਹੋ ਸਕਦੀ ਹੈ ਕਿ ਉਹ **ਆਪਣੇ COVID-19 ਟੀਕਿਆਂ ਨਾਲ ਅੱਪ-ਟੂ-ਡੇਟ ਹਨ**।

ਤੁਹਾਨੂੰ ਸਵੱਛਤਾ/ਲਾਗ ਨਿਯੰਤਰਣ ਦੇ ਉਪਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਜਿਸ ਵਿੱਚ ਹੱਥਾਂ ਦੀ ਸਫਾਈ, ਖੰਘ ਦੇ ਸ਼ੀਸ਼ਟਾਚਾਰ ਅਤੇ ਸਰੀਰਕ ਦੂਰੀ ਦੀਆਂ ਜ਼ਰੂਰਤਾਂ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਤ ਨਹੀਂ ਹਨ। ਤੁਹਾਨੂੰ ਮਾਸਕ ਪਹਿਨਣ ਲਈ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿੱਚੋਂ ਕਿਸੇ ਵੀ ਸਫਾਈ ਦੀਆਂ ਬੇਨਤੀਆਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਤੁਹਾਡੀ ਫੇਰੀ ਦੀ ਸਮਾਪਤੀ ਹੋ ਸਕਦੀ ਹੈ।

ਤੁਹਾਡੀ ਨਿੱਜੀ ਜਾਣਕਾਰੀ ਦਾ ਸੰਗ੍ਰਿਹ ਸਵੈਇੱਛਤ ਹੈ। ਤੁਹਾਡੀ ਨਿੱਜੀ ਜਾਣਕਾਰੀ Department of Home Affairs (ਡਿਪਾਰਟਮੈਂਟ ਆਫ ਹੋਮ ਅਫੈਅਰਜ਼) (ਦੀ ਡਿਪਾਰਟਮੈਂਟ) ਦੀ ਤਰਫੋਂ ਇਮੀਗਰੇਸ਼ਨ ਨਜ਼ਰਬੰਦੀ ਸੁਵਿਧਾਵਾਂ 'ਤੇ ਸਿਹਤ ਜਾਂਚ ਕਰਨ ਵਾਲੇ ਠੇਕੇਦਾਰਾਂ ਦੇ ਕਰਮਚਾਰੀਆਂ ਵਲੋਂ ਇਕੱਠੀ ਕੀਤੀ ਜਾਂਦੀ ਹੈ।

ਤੁਹਾਡੀ ਨਿੱਜੀ ਜਾਣਕਾਰੀ ਨੂੰ ਇੱਕ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਕਾਨੂੰਨ (ਵਿਭਾਗ ਸਮੇਤ) ਦੇ ਅਨੁਸਾਰ ਵਰਤਿਆ ਅਤੇ ਖੁਲਾਸਾ ਕੀਤਾ ਜਾ ਸਕਦਾ ਹੈ (**ਗੋਪਨੀਯਤਾ ਬਾਰੇ ਮਹੱਤਵਪੂਰਨ ਜਾਣਕਾਰੀ** ਵੇਖੋ)।

ਤੁਹਾਨੂੰ ਜਨਤਕ ਸਥਾਨ ਲਈ ਢੁੱਕਵੇਂ ਕੱਪੜੇ ਪਾਉਣੇ ਚਾਹੀਦੇ ਹਨ, ਜਿਸ ਵਿੱਚ ਤਸਵੀਰਾਂ ਜਾਂ ਨਾਅਰਿਆਂ ਵਾਲੇ ਕੱਪੜੇ ਨਾ ਪਾਉਣਾ ਸ਼ਾਮਲ ਹੈ ਜੋ ਅਪਰਾਧ ਦਾ ਕਾਰਨ ਬਣ ਸਕਦੇ ਹਨ। ਪੇਸ਼ੇਵਾਰ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਇੱਕ ਪੇਸ਼ੇਵਾਰ ਤਰੀਕੇ ਦਾ (ਕਾਰੋਬਾਰੀ ਪਹਿਰਾਵਾ) ਪਾਉਣ ਦੀ ਲੋੜ ਹੈ ਜੇ ਉਹ ਨਿਰਧਾਰਤ ਵਰਦੀ ਨਹੀਂ ਪਹਿਨਦੇ। ਕੰਮ ਜਾਂ ਸਿਹਤ ਅਤੇ ਸੁਰੱਖਿਆ ਕਾਰਨਾ ਕਰਕੇ, ਬੰਦ ਜੁੱਤੀਆਂ ਲਈ ਕੰਮ ਦੀ ਸਿਹਤ ਅਤੇ ਸੁਰੱਖਿਆ ਕਾਰਨਾਂ ਕਰਕੇ, ਬੰਦ ਜੁੱਤੀਆਂ (ਉੱਚੀ ਅੱਡੀ ਵਾਲੀਆਂ ਨਹੀਂ) ਪਹਿਨਣੀਆਂ ਚਾਹੀਦੀਆਂ ਹਨ।

ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਵਿੱਚ ਕਿਸੇ ਵਿਅਕਤੀ ਦੇ ਦੌਰੇ ਤੋਂ ਇਨਕਾਰ ਕਰਨ ਦੇ ਅਧਿਕਾਰ ਦਾ ਸਨਮਾਨ ਕਰਨਾ ਚਾਹੀਦਾ ਹੈ।

## ਇਮੀਗਰੇਸ਼ਨ ਦੀ ਨਜ਼ਰਬੰਦ ਸਹੂਲਤ ਅੰਦਰ ਵਸਤਾਂ ਲਿਆਉਣ ਸੰਬੰਧੀ

ਤੁਹਾਨੂੰ ਉਹਨਾਂ ਵਸਤੂਆਂ ਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਲਿਆਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਜੋ ਤੁਹਾਡੇ ਕੋਲ ਰੱਖਣ ਤੋਂ ਆਸਟਰੇਲੀਆ ਦੇ ਕਾਨੂੰਨ ਅਨੁਸਾਰ ਵਰਜਿਤ ਹਨ। ਆਸਟਰੇਲੀਅਨ ਕਾਨੂੰਨ ਵਿੱਚ ਰਾਸ਼ਟਰਮੰਡਲ, ਇੱਕ ਰਾਜ ਜਾਂ ਖੇਤਰ ਦਾ ਕਾਨੂੰਨ ਸ਼ਾਮਲ ਹੁੰਦਾ ਹੈ। ਤੁਹਾਡੇ ਕੋਲ ਜਾਂ ਕਬਜੇ ਵਿੱਚ ਕੋਈ ਵੀ ਵਰਜਿਤ ਵਸਤੂ ਤੁਹਾਨੂੰ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਉਹ ਪੁਲੀਸ ਦੇ ਹਵਾਲੇ ਕੀਤੀ ਜਾਵੇਗੀ।

ਤੁਹਾਨੂੰ ਨਿਯੰਤਰਿਤ ਵਸਤੂਆਂ ਨੂੰ ਇੰਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਲਿਆਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਨਿਯੰਤਰਿਤ ਵਸਤੂਆਂ ਉਹ ਹੁੰਦੀਆਂ ਹਨ ਜੋ ਤੁਹਾਡੇ ਕੋਲ ਆਸਟਰੇਲੀਆ ਵਿੱਚ ਕਾਨੂੰਨੀ ਤੌਰ 'ਤੇ ਹੁੰਦੀਆਂ ਹਨ ਪਰ ਜਿਨ੍ਹਾਂ ਨੂੰ ਸਿਹਤ, ਗੋਪਨੀਯਤਾ, ਸੁਰੱਖਿਆ ਜਾਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੀ ਚੰਗੀ ਵਿਵਸਥਾ ਲਈ ਖਤਰਾ ਪੇਸ਼ ਕਰਨ ਲਈ ਮੰਨਿਆ ਗਿਆ ਹੈ ਅਤੇ ਉਹਨਾਂ ਦੇ ਅੰਦਰ ਲਿਆਉਣ ਦੀ ਇਜਾਜ਼ਤ ਨਹੀਂ ਹੈ। ਜੇਕਰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ 'ਤੇ ਪਹੁੰਚਣ ਸਮੇਂ ਇਹ ਵਸਤਾਂ ਤੁਹਾਡੇ ਕੋਲ ਹਨ, ਤਾ ਤੁਹਾਨੂੰ ਸਟਾਫ ਨੂੰ ਇਨ੍ਹਾਂ ਬਾਰੇ ਦੱਸਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਮੁਲਾਕਾਤੀਆਂ ਦੇ ਖੇਤਰ ਵਿੱਚ ਜਮ੍ਹਾਂ ਕਰਨਾ ਚਾਹੀਦਾ ਹੈ। ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਜੇ ਤੁਹਾਡੇ ਕੋਲ ਕੁੱਝ ਉਹ ਵਸਤੂਆਂ ਹੋਣ ਜੋ ਸਿਹਤ, ਗੋਪਨੀਯਤਾ, ਸੁਰੱਖਿਆ ਜਾਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੀ ਚੰਗੀ ਵਿਵਸਥਾ ਲਈ ਖਤਰਾ ਪੈਦਾ ਕਰ ਸਕਦੀਆਂ ਹੋਣ।

ਜੇਕਰ ਤੁਸੀਂ ਨਿਸ਼ਚਿਤ ਨਹੀਂ ਹੋ ਕਿ ਕੋਈ ਵਸਤ ਵਰਜਿਤ ਜਾਂ ਨਿਯੰਤਰਿਤ ਹੈ, ਤਾਂ ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ **ਪਹਿਲਾਂ** ਉਹ ਵਸਤ ਨਿਰੀਖਣ ਅਧਿਕਾਰੀ ਕੋਲ ਪੇਸ਼ ਕਰ ਦੇਣੀ ਚਾਹੀਦੀ ਹੈ। ਉਥੇ ਲਾਕਰ ਉਪਲਬਧ ਹੋ ਸਕਦੇ ਹਨ ਜੇ ਤੁਸੀਂ ਆਪਣੀ ਮੁਲਾਕਾਤ ਸਮੇਂ ਕਿਸੇ ਨਿੱਜੀ ਵਸਤ ਨੂੰ ਸਟੋਰ ਕਰਨਾ ਚਾਹੁੰਦੇ ਹੋ। ਵਰਜਿਤ ਅਤੇ ਨਿਯੰਤਰਿਤ ਵਸਤੂਆਂ ਦੀਆਂ ਉਦਾਹਰਣਾਂ ਇਮੀਗਰੇਸ਼ਨ ਨਜ਼ਰਬੰਦੀ ਸੁਵਿਧਾ ਪ੍ਰਵੇਸ਼ ਕਰਨ ਵਾਲੀਆਂ ਜਗ੍ਹਾ ਦੇ ਨੇੜੇ ਸਥਿਤ ਚਿੰਨ੍ਹਾਂ 'ਤੇ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ ਅਤੇ ਇਹ ABF ਦੀ ਵੈਬਸਾਈਟ 'ਤੇ ਵੀ ਸੂਚੀਬੱਧ ਕੀਤੀਆਂ ਹੁੰਦੀਆਂ ਹਨ **https://www.abf.gov.au/about-us/what-we-do/border-protection/immigration-detention/visit-detention**

ਕਿਸੇ ਨਜ਼ਰਬੰਦ ਵਿਅਕਤੀ ਲਈ ਕੋਈ ਵੀ ਵਸਤ ਨੂੰ ਸੁਰੱਖਿਆ ਸਕ੍ਰੀਨਿੰਗ ਲਈ ਮੁਲਾਕਾਤੀਆਂ ਦੇ ਰਿਸੇਪਸ਼ਨ ਖੇਤਰ ਵਿੱਚ ਸੌਂਪਿਆ ਜਾਣਾ ਚਾਹੀਦਾ ਹੈ, ਅਤੇ ਇਹ ਵਸਤ ਉਪਰ ਦੱਸੇ ਗਏ ਕਾਰਨਾਂ ਕਰਕੇ ਦਾਖਲੇ ਤੋਂ ਰੋਕਿਆ ਜਾ ਸਕਦਾ ਹੈ।

ਨਜ਼ਰਬੰਦ ਲੋਕਾਂ ਕੋਲ ਰੱਖੀ ਜਾਣ ਵਾਲੀ ਸੰਪਤੀ ਦੀ ਮਾਤਰਾਂ ਤੇ ਵੀ ਸੀਮਾ ਲਗਾਈ ਹੁੰਦੀ ਹੈ। ਮੁਲਾਕਾਤੀਆਂ ਵਲੋਂ ਲਿਆਦੀ ਗਈ ਜਾਏਦਾਦ ਨੂੰ ਇਨਕਾਰ ਕੀਤਾ ਜਾ ਸਕਦਾ ਹੈ ਜੇ ਇਹ ਉਸ ਸੀਮਾ ਤੋਂ ਵੱਧ ਹੋਵੇ ਜਾਂ ਉਸ ਨੂੰ ਵਧਾ ਦੇਵੇ।

ਕੋਈ ਵੀ ਨਿੱਜੀ ਵਸਤੂਆਂ ਜੋ ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਲਿਜਾਣ ਦੀ ਇਜਾਜਤ ਹੈ ਇਹ ਤੁਹਾਡੀ ਆਪਣੀ ਜ਼ਿੰਮੇਵਾਰੀ ਹੈ। ਮਹਿਕਮਾ ਤੁਹਾਡੀਆਂ ਨਿੱਜੀ ਵਸਤੂਆਂ ਦੇ ਨੁਕਸਾਨ ਲਈ ਕੋਈ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦਾ ਜੋ ਕਿ ਤੁਹਾਡੇ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੇ ਅੰਦਰ ਹੋਣ ਦੌਰਾਨ ਹੋ ਸਕਦਾ ਹੈ। ਇਹ ਯਕੀਨੀ ਬਣਾਉਣ ਲਈ ਤੁਸੀਂ ਜ਼ਿੰਮੇਵਾਰ ਹੋ ਕਿ ਤੁਸੀਂ ਆਪਣੀਆਂ ਨਿੱਜੀ ਵਸਤੂਆਂ ਦਾ ਕਬਜਾ ਬਰਕਰਾਰ ਰੱਖੋ ਅਤੇ ਜਦੋਂ ਤੁਸੀਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਨੂੰ ਛੱਡਦੇ ਹੋ ਤਾਂ ਤੁਸੀਂ ਉਹਨਾਂ ਵਸਤੂਆਂ ਨੂੰ ਆਪਣੇ ਨਾਲ ਲੈ ਜਾਂਦੇ ਹੋ।

## ਸਹਾਇਕ ਜਾਨਵਰ

ਸੁਵਿਧਾਵਾਂ 'ਤੇ ਆਉਣ ਵਾਲੇ ਮੁਲਾਕਾਤੀਆਂ ਨੂੰ ਇਹ ਸਬੂਤ ਪੇਸ਼ ਕਰਨ ਦੀ ਬੇਨਤੀ ਕੀਤੀ ਜਾ ਸਕਦੀ ਹੈ ਕਿ ਉਨ੍ਹਾਂ ਦਾ ਜਾਨਵਰ ਇੱਕ ਸਹਾਇਕ ਜਾਨਵਰ ਹੈ ਜਾਂ ਇਹ ਕਿ ਜਾਨਵਰ ਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਫਾਈ ਅਤੇ ਵਿਵਹਾਰ ਦੇ ਉਚਿਤ ਮਾਪਦੰਡਾਂ ਨੂੰ ਪੂਰਾ ਕਰਨ ਲਈ ਸਿਖਲਾਈ ਦਿੱਤੀ ਗਈ ਹੈ।

ਸਹਾਇਕ ਜਾਨਵਰ ਦੀ ਹਰ ਸਮੇਂ ਮੁਲਾਕਾਤੀ ਦੁਆਰਾ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੇ ਦੌਰੇ ਵਾਲੇ ਖੇਤਰ ਦੇ ਅੰਦਰ ਅਸਥਾਈ ਤੌਰ 'ਤੇ ਅਤੇ ਸਿਰਫ ਦੌਰੇ ਲਈ ਆਗਿਆ ਦੇ ਸਮੇਂ ਦੌਰਾਨ ਹੀ ਰਹਿਣਾ ਚਾਹੀਦਾ ਹੈ।


© COMMONWEALTH OF AUSTRALIA, 2022

ਸੁਰੱਖਿਆ ਸਕ੍ਰੀਨਿੰਗ ਪ੍ਰਕਿਰਿਆਵਾਂ ਦੇ ਅਨੁਸਾਰ ਸਹਾਇਕ ਜਾਨਵਰ ਦੀ ਸਕ੍ਰੀਨਿੰਗ ਦੀ ਇਜਾਜਤ ਦੇਣੀ ਚਾਹੀਦੀ ਹੈ। ਮੁਲਾਕਾਤੀਆਂ ਨੂੰ ਉਹਨਾਂ ਪ੍ਰਕਿਰਿਆਵਾਂ ਵਿੱਚ ਸਹਾਇਤਾ ਕਰਨ ਲਈ ਕਿਹਾ ਜਾ ਸਕਦਾ ਹੈ। ਇਸ ਵਿੱਚ ਸਹਾਇਕ ਜਾਨਵਰ ਦੇ ਕੱਪੜਿਆਂ ਦੀ ਖੋਜ ਸ਼ਾਮਲ ਹੋ ਸਕਦੀ ਹੈ।

## ਮੁਲਾਕਾਤ ਸਮੇਂ ਦੌਰਾਨ ਸੰਚਾਲਨ

ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਸੁਵਿਧਾ ਨਿਯਮਾ ਦੀ ਪਾਲਣਾ ਕਰਨੀ ਚਾਹੀਦੀ ਹੈ, ਅਤੇ ਸਟਾਫ ਦੁਆਰਾ ਦਿੱਤੇ ਗਏ ਕਿਸੇ ਵੀ ਉਚਿਤ ਨਿਰਦੇਸ਼ ਦੀ ਵੀ ਪਾਲਣਾ ਕਰਨੀ ਚਾਹੀਦੀ ਹੈ। ਤੁਸੀਂ ਸਵੀਕਾਰ ਕਰਦੇ ਹੋ ਕਿ ਮੁਲਾਕਾਤ ਖੇਤਰ ਇੱਕ ਜਨਤਕ ਸਥਾਨ ਹੈ। ਤੁਹਾਨੂੰ ਦੂਸਰਿਆਂ ਪ੍ਰਤੀ ਆਦਰਯੋਗ ਤਰੀਕੇ ਨਾਲ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਜਿਸ ਨਾਲ ਇਮੀਗਰੇਸ਼ਨ ਨਜ਼ਰਬੰਦੀ ਜਾਂ ਹੋਰ ਮੁਲਾਕਾਤੀਆਂ ਨੂੰ ਪਰੇਸ਼ਾਨ ਨਹੀਂ ਕਰਨਾ ਚਾਹੀਦਾ। ਤੁਸੀਂ ਉਸ ਵਿਵਹਾਰ ਨੂੰ ਉਤਸ਼ਾਹਿਤ ਨਹੀਂ ਕਰੋਗੇ ਜਿਸ ਨਾਲ ਇਮੀਗਰੇਸ਼ਨ ਨਜ਼ਰਬੰਦ ਸਹੂਲਤ ਦੀ ਸੁਰੱਖਿਆ, ਚੰਗੀ ਵਿਵਸਥਾ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।

ਤੁਹਾਨੂੰ ਲਾਜ਼ਮੀ ਤੌਰ 'ਤੇ ਪ੍ਰਦਾਨ ਕੀਤੀ ਗਈ ਮਹਿਮਾਨ ਪਹਿਚਾਣ ਨੂੰ ਇਸ ਤਰੀਕੇ ਨਾਲ ਪਹਿਨਣਾ ਚਾਹੀਦਾ ਹੈ ਜੋ ਤੁਹਾਡੀ ਫੇਰੀ ਦੌਰਾਨ ਕਰਮਚਾਰੀਆਂ ਨੂੰ ਹਰ ਸਮੇਂ ਦਿਖਾਈ ਦਿੰਦੀ ਰਹੇ, ਅਤੇ ਤੁਹਾਨੂੰ ਮੁਲਾਕਾਤ ਖੇਤਰ ਵਿੱਚ ਰਹਿਣਾ ਚਾਹੀਦਾ ਹੈ ਜਦੋਂ ਤੱਕ ਤੁਹਾਨੂੰ ਕਰਮਚਾਰੀਆਂ ਵਲੋਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੇ ਕਿਸੇ ਹੋਰ ਖੇਤਰਾਂ ਵਿੱਚ ਪਹੁੰਚਣ ਦੀ ਇਜਾਜਤ ਨਹੀਂ ਦਿੱਤੀ ਜਾਂਦੀ।

ਤੁਹਾਨੂੰ ਕਿਸੇ ਨੂੰ ਵੀ ਇਮੀਗਰੇਸ਼ਨ ਸਹਾਇਤਾ ਪ੍ਰਦਾਨ ਨਹੀਂ ਕਰਨੀ ਚਾਹੀਦੀ ਜਦੋਂ ਤੱਕ ਤੁਸੀਂ ਇਮੀਗਰੇਸ਼ਨ ਸਹਾਇਤਾ ਪ੍ਰਦਾਨ ਕਰਨ ਦੀ ਇਜਾਜਤ ਵਾਲੇ ਵਿਅਕਤੀ ਨਹੀਂ ਹੋ। *Migration Act 1958 (ਦੀ ਮਾਈਗਰੇਸ਼ਨ ਐਕਟ 1958)* ਕਿਸੇ ਹੋਰ ਵਿਅਕਤੀ ਨੂੰ ਇਮੀਗਰੇਸ਼ਨ ਸਹਾਇਤਾ ਪ੍ਰਦਾਨ ਕਰਨ 'ਤੇ ਸਖਤ ਪਾਬੰਦੀਆਂ ਲਾਉਂਦਾ ਹੈ। ਮਾਈਗਰੇਸ਼ਨ ਐਕਟ ਇਹ ਨਿਰਧਾਰਤ ਕਰਦਾ ਹੈ ਕਿ ਕਿਹੜੀਆਂ ਕਾਰਵਾਈਆਂ ਇਮੀਗਰੇਸ਼ਨ ਸਹਾਇਤਾ ਦਾ ਗਠਨ ਕਰਦੀਆਂ ਹਨ। ਕੋਈ ਵੀ ਵਿਅਕਤੀ ਜੋ ਇਮੀਗਰੇਸ਼ਨ ਸਹਾਇਤਾ ਪ੍ਰਦਾਨ ਕਰਦਾ ਹੈ ਜਦੋਂ ਅਜਿਹਾ ਕਰਨ ਦੀ ਆਗਿਆ ਨਾ ਦਿੱਤੀ ਗਈ ਹੋਵੇ ਇੱਕ ਅਪਰਾਧ ਕਰਦਾ ਹੈ ਅਤੇ ਉਹ $10,000 ਤੋਂ ਵੱਧ ਜੁਰਮਾਨੇ ਲਈ ਜਵਾਬਦੇਹ ਹੋ ਸਕਦਾ ਹੈ।

ਕੋਈ ਵੀ ਨਾਬਾਲਗ ਤੁਹਾਡੇ ਨਾਲ ਆਉਣਾ ਤੁਹਾਡੀ ਜ਼ਿੰਮੇਵਾਰੀ ਹੈ ਅਤੇ ਤੁਹਾਨੂੰ ਉਸ ਦੀ ਹਰ ਸਮੇਂ ਨਿਗਰਾਨੀ ਕਰਨ ਦੀ ਲੋੜ ਹੈ।

ਤੁਹਾਡੀਆਂ ਕਿਸੇ ਨਜ਼ਰਬੰਦ ਵਿਅਕਤੀ ਜਾਂ ਹੋਰਨਾਂ ਮੁਲਾਕਾਤੀਆਂ ਬਾਰੇ ਚਿੰਤਾਵਾਂ ਦਾ ਹਵਾਲਾ ਕਰਮਚਾਰੀਆਂ ਨੂੰ ਦੇਣਾ ਜ਼ਰੂਰੀ ਹੈ। ਮੁਲਾਕਾਤੀਆਂ ਦੇ ਖੇਤਰ ਵਿੱਚ ਸੂਚਨਾਵਾਂ ਪ੍ਰਦਰਸ਼ਿਤ ਕੀਤੀਆਂ ਹੁੰਦੀਆਂ ਹਨ ਕਿ ਤੁਹਾਨੂੰ ਕਿਸੇ ਵੀ ਚਿੰਤਾ ਦੀ ਰੀਪੋਰਟ ਕਿਵੇਂ ਕਰਨੀ ਚਾਹੀਦੀ ਹੈ।

## ਦਾਖਲੇ ਤੋਂ ਇਨਕਾਰ ਅਤੇ ਮੁਲਾਕਾਤਾਂ ਦੀ ਸਮਾਪਤੀ

Immigration Detention Visitor Program (ਇਮੀਗਰੇਸ਼ਨ ਨਜ਼ਰਬੰਦੀ ਮੁਲਾਕਾਤੀ ਪ੍ਰੋਗਰਾਮ) ਦੇ ਤਹਿਤ ਵਿਅਕਤੀਗਤ ਮੁਲਾਕਾਤਾਂ ਨੂੰ ਸਿਹਤ, ਸੁਰੱਖਿਆ ਸਮੇਤ ਕੁਝ ਉਪਰੋਕਤ ਦੱਸੇ ਕਾਰਨਾਂ ਕਰਕੇ (ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ) ਕਾਰਜਸ਼ੀਲ ਵਿਚਾਰਾਂ ਦੇ ਨਤੀਜੇ ਵਜੋਂ ਕਿਸੇ ਸਮੇਂ ਵੀ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਜਾ ਸਕਦਾ ਹੈ।

ਤੁਹਾਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਾਂ ਤੁਹਾਡੀ ਫੇਰੀ ਨੂੰ ਖਤਮ ਕੀਤਾ ਜਾ ਸਕਦਾ ਹੈ ਜੇਕਰ:

- ਤੁਸੀਂ ਆਪਣੇ ਕਬਜੇ ਵਿੱਚਲੀਆਂ ਸਾਰੀਆਂ ਵਸਤਾਂ ਬਾਰੇ ਦੱਸਿਆ ਨਾ ਹੋਵੇ;
- ਤੁਸੀਂ ਆਪਣੇ ਪਿਛਲੇ ਦੋਸ਼ਾਂ ਬਾਰੇ ਦੱਸਿਆ ਨਾ ਹੋਵੇ;
- ਤੁਸੀਂ ਆਪਣੀ ਫੇਰੀ ਦਾ ਢੁਕਵਾਂ ਅਗਾਓ ਨੋਟਿਸ ਦੇਣ ਵਿੱਚ ਅਸਫਲ ਰਹੇ ਹੋ, ਫੇਰੀ ਲਈ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ, ਜਾਂ ਦਾਖਲ ਹੋਣ ਲਈ ਕੋਈ ਕਾਨੂੰਨੀ ਅਥਾਰਟੀ ਨਹੀਂ ਹੈ;
- ਤੁਸੀਂ ਲੋੜੀਂਦੀ ਪਛਾਣ ਪ੍ਰਦਾਨ ਕਰਨ ਵਿੱਚ ਅਸਫਲ ਰਹੇ ਹੋ;
- ਤੁਸੀਂ ਮਨੋਨੀਤ ਖੇਤਰਾਂ ਵਿੱਚ ਰਹਿਣ ਵਿੱਚ ਅਸਫਲ ਰਹੇ ਹੋ;
- ਤੁਸੀਂ ਹਰੇਕ ਸਮੇਂ ਉਹਨਾਂ ਨਾਬਾਲਗਾਂ ਜਿਨ੍ਹਾਂ ਲਈ ਤੁਸੀਂ ਜ਼ਿੰਮੇਵਾਰ ਹੋ, ਦੀ ਨਿਗਰਾਨੀ ਕਰਨ ਅਤੇ ਉਹਨਾਂ ਦੇ ਨਾਲ ਹਰ ਸਮੇਂ ਰਹਿਣ ਵਿੱਚ ਅਸਫਲ ਰਹੇ ਹੋ;
- ਤੁਸੀਂ ਢੁੱਕਵੇਂ ਕੱਪੜੇ ਜਾਂ ਬੰਦ ਜੁਤੀਆਂ ਪਾਉਣ ਵਿੱਚ ਅਸਫਲ ਰਹੇ ਹੋ;
- ਤੁਸੀਂ ਪ੍ਰਵੇਸ਼ ਕਰਨ ਦੀਆਂ ਇਹਨਾਂ ਸ਼ਰਤਾਂ ਨੂੰ ਮੰਨਣ ਅਤੇ/ਜਾਂ ਹਸਤਾਖਰ ਕਰਨ ਤੋਂ ਇਨਕਾਰ ਕਰਦੇ ਹੋ;
- ਤੁਸੀਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਪਛਾਣ- ਪੱਤਰ (ਜਿੱਥੇ ਦਰਸਾਏ ਗਏ) ਨਾਲ ਰੱਖਣ ਤੋਂ ਇਨਕਾਰ ਕਰਦੇ ਹੋ;
- ਤੁਸੀਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਇਜਾਜਤ ਨਾ ਦੇਣ ਵਾਲੀਆਂ ਵਸਤੂਆਂ ਨੂੰ ਸਮਰਪਣ ਕਰਨ ਤੋਂ ਇਨਕਾਰ ਕਰਦੇ ਹੋ;
- ਤੁਸੀਂ ਸੁਰੱਖਿਆ ਅਤੇ/ਜਾਂ ਸਿਹਤ ਜਾਂਚ ਜਾਂ ਨਿਰੀਖਣ ਪ੍ਰਕਿਰਿਆਵਾਂ ਵਿਚੋਂ ਗੁਜ਼ਰਨ ਤੋਂ ਇਨਕਾਰ ਕਰਦੇ ਹੋ;
- ਤੁਹਾਡੇ ਆਚਰਣ ਨੂੰ ਅਣਉਚਿਤ, ਅਪਮਾਨਜਨਕ ਜਾਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਜਾਂ ਇਸ ਵਿੱਚਲੇ ਵਿਅਕਤੀਆਂ ਦੀ ਸੁਰੱਖਿਆ, ਚੰਗੀ ਵਿਵਸਥਾ ਲਈ ਖਤਰਾ ਮੰਨਿਆ ਜਾਂਦਾ ਹੈ;
- ਇੱਕ ਅਧਿਕਾਰੀ ਨੂੰ ਸ਼ੱਕ ਹੈ ਕਿ ਤੁਸੀਂ ਨਸ਼ੇ ਜਾਂ ਨਜਾਇਜ਼ ਪਦਾਰਥਾਂ ਦੇ ਪ੍ਰਭਾਵ ਹੇਠ ਹੋ;
- ਇੱਕ ਅਧਿਕਾਰੀ ਨੂੰ ਸ਼ੱਕ ਹੈ ਕਿ ਤੁਸੀਂ ਤੰਦਰੁਸਤ ਨਹੀਂ ਹੋ;
- ਇੱਕ ਅਧਿਕਾਰੀ ਨੂੰ ਸ਼ੱਕ ਹੈ ਕਿ ਤੁਸੀਂ ਕਿਸੇ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਉਹ ਵਸਤਾਂ ਲਿਜਾ ਰਹੇ ਹੋ ਜਿਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ;
- ਇੱਕ ਅਧਿਕਾਰੀ ਨੂੰ ਸ਼ੱਕ ਹੈ ਕਿ ਤੁਸੀਂ ਕਿਸੇ ਸਮੇਂ ਦਾਖਲੇ ਦੀਆਂ ਇਨ੍ਹਾਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹੇ ਹੋ;
- ਸੁਰੱਖਿਆ, ਅਨੁਸ਼ਾਸਨ, ਜਾਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਵਿਗਾੜ ਜਾਂ ਅਪਰਾਧ ਦੀ ਰੋਕਥਾਮ ਦੇ ਸਬੰਧ ਵਿੱਚ ਮੁੱਦੇ ਪੈਦਾ ਹੋਏ ਹਨ;
- ਖੁਫੀਆ ਜਾਣਕਾਰੀ ਜਾਂ ਜੋਖਮ, ਅਤੇ/ਜਾਂ ਨਾਲ ਸਬੰਧਤ ਮੁੱਦੇ
- ਹੋਰ ਕਾਰਜਸ਼ੀਲ ਕਾਰਨ।

ਤੁਹਾਨੂੰ ਆਪਣੀ ਫੇਰੀ ਨੂੰ ਖਤਮ ਕਰਨ ਦੇ ਕਿਸੇ ਵੀ ਫੈਂਸਲੇ ਅਤੇ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਕਿਸੇ ਵਸਤੂ ਦੇ ਦਾਖਲੇ ਤੋਂ ਇਨਕਾਰ ਕਰਨ ਸਬੰਧੀ ਫੈਂਸਲੈ ਦਾ ਸਨਮਾਨ ਕਰਨਾ ਚਾਹੀਦਾ ਹੈ। ਕਹੇ ਜਾਣ 'ਤੇ ਤੁਹਾਨੂੰ ਤੁਰੰਤ ਉਸ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਨੂੰ ਛੱਡ ਦੇਣਾ ਚਾਹੀਦਾ ਹੈ। ਅਜਿਹਾ ਕਰਨ ਤੋਂ ਇਨਕਾਰ ਕਰਨ ਨਾਲ ਭਵਿੱਖ ਵਿੱਚ ਮੁਲਾਕਾਤ ਕਰਨ ਦੀ ਤੁਹਾਡੀ ਯੋਗਤਾ ਪ੍ਰਭਾਵਿਤ ਹੋ ਸਕਦੀ ਹੈ ਅਤੇ ਇਸ ਸਬੰਧੀ ਪੁਲੀਸ ਨੂੰ ਇਤਲਾਹ ਵੀ ਦਿੱਤੀ ਜਾ ਸਕਦੀ ਹੈ।

## ਸ਼ਿਕਿਇਤਾਂ ਅਤੇ ਫੀਡਬੈਕ

ਤੁਸੀਂ ਆਪਣੀ ਫੇਰੀ ਸਬੰਧੀ ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਫੀਡਬੈਕ ਦੇਣ ਦੇ ਯੋਗ ਹੋ। ਵਧੇਰੇ ਜਾਣਕਾਰੀ ਵਿਭਾਗ ਦੀ ਵੈਬਸਾਈਟ 'ਤੇ ਉਪਲਬਧ ਹੈ **https://www.homeaffairs.gov.au/help-and-support/departmental-forms/online-forms/complaints-compliments-and-suggestions**

## ਗੋਪਨੀਯਤਾ ਬਾਰੇ ਮਹੱਤਵਪੂਰਨ ਜਾਣਕਾਰੀ

ਤੁਹਾਡੀ ਨਿੱਜੀ ਜਾਣਕਾਰੀ ਕਾਨੂੰਨ ਦੁਆਰਾ ਸੁਰ੍ਖਿਅਤ ਹੈ, ਜਿਸ ਵਿੱਚ ਜਿਸ ਵਿੱਚ *Privacy Act 1988* ਵੀ ਸ਼ਾਮਲ ਹੈ। ਤੁਹਾਡੀ ਨਿੱਜੀ ਜਾਣਕਾਰੀ ਦੇ ਸੰਗ੍ਰਿਹ, ਵਰਤੋਂ ਅਤੇ ਖੁਲਾਸੇ (ਦੂਸਰੀਆਂ ਏਜੰਸੀਆਂ ਅਤੇ ਤੀਜੀਆ ਧਿਰਾਂ, ਵਿਦੇਸ਼ੀ ਸੰਸਥਾਵਾਂ ਸਮੇਤ ਨੂੰ ਦੇਣ ਬਾਰੇ) ਮਹੱਤਵਪੂਰਣ ਜਾਣਕਾਰੀ, ਸੰਵੇਦਨਸ਼ੀਲ ਜਾਣਕਾਰੀ ਸਮੇਤ, ਫਾਰਮ 1553 'ਤੇ ਉਪਲਬਧ ਹੈ *Privacy Notice Visitors to immigration detention facilities (ਇਮੀਗਰੇਸ਼ਨ ਨਜ਼ਰਬੰਦੀ ਸਵਿਧਾਵਾਂ ਵਿੱਚ ਆਉਣ ਵਾਲੇ ਮੁਲਾਕਾਤੀਆਂ ਲਈ ਗੋਪਨੀਯਤਾ ਨੋਟਿਸ)* ਜੋ ABF ਦੀ ਵੇਬਸਾਈਟ 'ਤੇ ਉਪਲਬਧ ਹੈ। ਤੁਹਾਨੂੰ ਫਾਰਮ 1553 ਭਰਨ ਤੋਂ ਪਹਿਲਾਂ ਇਸ ਨੂੰ ਪੜ੍ਹਨ ਅਤੇ ਸਮਝਣ ਦੀ ਲੋੜ ਹੈ।

## ਵਧੇਰੇ ਜਾਣਕਾਰੀ

ਹੋਰ ਜਾਣਕਾਰੀ, ਜਿਸ ਵਿੱਚ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੇ ਵੇਰਵੇ, ਸੰਪਰਕ ਜਾਣਕਾਰੀ, ਖੁਲਣ ਦੇ ਸਮੇਂ ਅਤੇ ਅਰਜੀ ਫਾਰਮ ਸ਼ਾਮਲ ਹਨ, ABF ਦੀ ਵੈਬਸਾਈਟ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ **https://www.abf.gov.au/about-us/what-we-do/border-protection/immigration-detention/visit-detention**

© COMMONWEALTH OF AUSTRALIA, 2022

# *Agreement*

**All visitors must read the *Conditions of Entry* on pages 1–3 of this form and sign this Agreement before entering the immigration detention facility.**

I declare that:

- I have read the *Conditions of Entry* on pages 1–3 of this form.
- I am not bringing any prohibited or controlled items into this immigration detention facility.

I understand that:

- failure to comply with the above conditions may result in:
  - refusal of entry to the immigration detention facility;
  - termination of the visit;
  - removal from the immigration detention facility; and

  that any such failure may negatively impact the approval of any application I may make for future visits to this or any other immigration detention facility.
- by signing this Agreement, I agree to comply with the *Conditions of Entry* on pages 1–3 of this form.

I acknowledge that:

- the Department collects personal information from me and that I have read the information contained in form 1553 *Privacy Notice Visitors to immigration detention facilities*. I consent to the collection, use and disclosure by the Department of my personal information, and the personal information of any accompanying minors of which I am the parent or guardian, for those purposes set out above and/or as described in form 1553 or as otherwise authorised or required by an Australian law.

# *ਸਮਝੌਤਾ*

**ਸਾਰੇ ਮੁਲਾਕਾਤੀਆਂ ਨੂੰ ਇਸ ਫਾਰਮ ਦੇ ਪੰਨੇ 1-3 ਅਤੇ ਦਾਖਲੇ ਦੀਆਂ ਸ਼ਰਤਾਂ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਸ ਸਮਝੌਤੇ 'ਤੇ ਦਸਤਖਤ ਕਰਨੇ ਚਾਹੀਦੇ ਹਨ।**

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ:

- ਮੈਂ ਇਸ ਫਾਰਮ ਦੇ ਪੰਨੇ 1-3 ਅਤੇ ਦਾਖਲੇ *ਦੀਆਂ ਸ਼ਰਤਾਂ* ਪੜ੍ਹੀਆਂ ਹਨ।
- ਮੈਂ ਇਸ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਕੋਈ ਵੀ ਵਰਜਿਤ ਜਾਂ ਨਿਯੰਤਰਿਤ ਵਸਤਾਂ ਨਹੀ ਲਿਆ ਰਿਹਾ/ਰਹੀ ਹਾਂ।

ਮੈਂ ਸਮਝਦਾ/ਸਮਝਦੀ ਹਾਂ ਕਿ:

- ਉਪਰੋਕਤ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫਲਤਾ ਦਾ ਨਤੀਜਾ ਹੋ ਸਕਦਾ ਹੈ:
  - ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਵਿੱਚ ਦਾਖਲੇ ਤੋਂ ਇਨਕਾਰ;
  - ਦੌਰੇ ਦੀ ਸਮਾਪਤੀ;
  - ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਤੋਂ ਹਟਾਏ ਜਾਣਾ (ਬਾਹਰ ਕੱਢੇ ਜਾਣਾ); ਅਤੇ

  ਕਿ ਅਜਿਹੀ ਕੋਈ ਵੀ ਅਸਫਲਤਾ ਕਿਸੇ ਵੀ ਅਰਜੀ ਦੀ ਪ੍ਰਵਾਨਗੀ ਨੂੰ ਨਾਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੀ ਹੈ ਜੋ ਮੈਂ ਇਸ ਜਾਂ ਕਿਸੇ ਹੋਰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਲਈ ਭਵਿੱਖ ਦੇ ਦੌਰੇ ਲਈ ਕਰ ਸਕਦਾ/ਸਕਦੀ ਹਾਂ।
- ਇਸ ਇਕਰਾਰਨਾਮੇ 'ਤੇ ਦਸਤਖਤ ਕਰਕੇ, ਮੈਂ ਇਸ ਫਾਰਮ ਦੇ ਪੰਨੇ 1-3 'ਤੇ ਦਾਖਲੇ *ਦੀਆਂ ਸ਼ਰਤਾਂ* ਦੀ ਪਾਲਣਾ ਕਰਨ ਲਈ ਸਹਿਮਤ ਹਾਂ।

ਮੈਂ ਸਵੀਕਾਰ ਕਰਦਾ/ਕਰਦੀ ਹਾਂ ਕਿ:

- ਵਿਭਾਗ ਮੇਰੇ ਤੋਂ ਨਿੱਜੀ ਜਾਣਕਾਰੀ ਇਕੱਠੀ ਕਰਦਾ ਹੈ ਅਤੇ ਮੈਂ ਫਾਰਮ 1553 ਵਿੱਚ ਦਿੱਤੀ ਜਾਣਕਾਰੀ ਪੜ੍ਹੀ ਹੈ *Privacy Notice Visitor's to immigration detention facilities*। ਮੈਂ ਮੇਰੀ ਨਿੱਜੀ ਜਾਣਕਾਰੀ ਦੇ ਵਿਭਾਗ ਦੁਆਰਾ ਇਕੱਤਰ ਕਰਨ, ਵਰਤੋਂ ਅਤੇ ਖੁਲਾਸੇ ਕਰਨ, ਅਤੇ ਕਿਸੇ ਵੀ ਨਾਬਾਲਗ ਦੀ ਨਿੱਜੀ ਜਾਣਕਾਰੀ ਜਿਸ ਦਾ ਮੈਂ ਮਾਤਾ/ਪਿਤਾ ਜਾਂ ਸੂਪਰਸਤ ਹਾਂ, ਲਈ ਉਪਰੋਕਤ ਦਿੱਤੀਆਂ ਗਈਆਂ ਲੋੜਾਂ ਲਈ ਸਹਿਮਤੀ ਦਿੰਦਾ ਹਾਂ ਅਤੇ ਜਾਂ ਅਤੇ/ਜਾਂ ਜਿਵੇਂ ਫਾਰਮ 1553 ਵਿੱਚ ਦੱਸਿਆ ਗਿਆ ਹੈ ਜਾਂ ਕਿਸੇ ਆਸਟਰੇਲੀਅਨ ਕਾਨੂੰਨ ਦੁਆਰਾ ਅਧਿਕਾਰਿਤ ਕੀਤਾ ਗਿਆ ਜਾਂ ਲੋੜੀਂਦਾ ਹੋਵੇ।

Your full name
ਪੂਰਾ ਨਾਮ

**Your signature**
**ਤੁਹਾਡੇ ਹਸਤਾਖਰ**

Date / ਮਿਤੀ: Day / ਦਿਨ — Month / ਮਹੀਨਾ — Year / ਸਾਲ
/ /


© COMMONWEALTH OF AUSTRALIA, 2022